**Shikshan Sanshodhan : Journal of Arts, Humanities and Social Sciences** ISSN(o): 2581-6241
Monthly, Peer-Reviewed, Refereed, Indexed Journal Impact Factor: 6.471
Volume - 6, Issue - 7, July - 2023 Publication Date: 15/07/2023

DOIs:10.2018/SS/202307008 --:-- Research Paper / Article / Review

# ਗੁਰਸ਼ਰਨ ਸਿੰਘ ਦੇ ਨਾਟਕਾਂ ਦੀ ਤਰਕਸ਼ੀਲ ਲਹਿਰ ਨੂੰ ਦੇਣ

**ਕੰਵਲਜੀਤ ਕੌਰ**
**ਖੋਜਾਰਥੀ**
**ਗੁਰੂ ਕਾਸ਼ੀ ਯੂਨੀਵਰਸਿਟੀ**
**ਤਲਵੰਡੀ ਸਾਬੋ (ਬਠਿੰਡਾ)**

**ਡਾ. ਗੁਰਪ੍ਰੀਤ ਕੌਰ**
**ਐਸੋਸੀਏਟ ਪ੍ਰੋਫ਼ੈਸਰ**
**ਗੁਰੂ ਕਾਸ਼ੀ ਯੂਨੀਵਰਸਿਟੀ**
**ਤਲਵੰਡੀ ਸਾਬੋ (ਬਠਿੰਡਾ)**

ਗੁਰਸ਼ਰਨ ਸਿੰਘ ਤੀਸਰੀ ਪੀੜੀ ਦਾ ਚਰਚਿਤ ਲੋਕ ਪੱਖੀ, ਮਿਸ਼ਨਰੀ ਨਾਟਕਕਾਰ ਨਿਰਦੇਸ਼ਕ ਤੇ ਰੰਗ ਕਰਮੀ ਹੈ ਜਿਸ ਨੇ ਆਪਣੀ ਪੂਰੀ ਹਿਯਾਤੀ ਰੰਗਮੰਚ ਦੇ ਲੇਖੇ ਲਾਈ ਉਹ ਇਕ ਰੰਗਕਰਮੀ ਹੋਣ ਦੇ ਨਾਲ ਨਾਲ ਰਾਜਸੀ ਚੇਤਕ ਵਿਅਕਤੀ ਸੀ ਜੋ ਕਈ ਦਿਸ਼ਾਵਾਂ ਵਿੱਚ ਵਿਚਰਿਆ

> “ਗੁਰਸ਼ਰਨ ਭਾਅ ਜੀ ਕਈ ਦਿਸ਼ਾਵਾਂ ਵਿੱਚ ਵਿਚਰਦੇ ਰਹੇ ਹਨ ਵਿਚਰ ਰਹੇ ਹਨ। ਉਹ ਕਈ ਖੇਤਰਾਂ ਵਿੱਚ ਦੀ ਲੰਘੇ ਹਨ, ਲੰਘ ਰਹੇ ਹਨ ਅਰਥਾਤ ਕਲਾ, ਸਾਹਿਤ ਅਤੇ ਸੱਭਿਆਚਾਰਕ ਮੋਰਚੇ ਉੱਤੇ ਉਨ੍ਹਾਂ ਦੀ ਇੱਕ ਵਿਲੱਖਣ ਪ੍ਰਾਪਤੀ ਹੈ। ਉਹ ਇਕ ਧਾਰਾ ਵਾਂਗ, ਇਕ ਵਰਤਾਰੇ ਵਾਂਗ ਕਈ ਪ੍ਰਕਾਰ ਦੀਆਂ ਮਿੱਥਾਂ ਨੂੰ ਤੋੜਦੇ ਹੋਏ ਇੱਕ ਅਰੁਕ ਸਫ਼ਰ ਦੇ ਰੂਪ ਵਿੱਚ ਹਾਲੇ ਵੀ ਤੁਰੇ ਜਾ ਰਹੇ ਹਨ।”[1]

ਗੁਰਸ਼ਰਨ ਸਿੰਘ ਇਕ ਸੱਭਿਆਚਾਰਕ ਕਾਮਾ ਸੀ ਨਾਟਕ ਉਸ ਲਈ ਮਨੋਰੰਜਨ ਨਹੀਂ ਸੀ। ਉਹ ਨਾਟ ਮੰਚ ਨੂੰ ਸਮਾਜ ਸੁਧਾਰ ਦੇ ਇਕ ਮਾਧਿਅਮ ਵਜੋਂ ਲੈਂਦਾ ਸੀ।

ਉਸ ਨੇ ਲੋਕਾਂ ਦੀ ਰਾਜਸੀ ਚੇਤਨਾ ਦੀ ਗੱਲ ਆਪਣੇ ਨਾਟਕ ਰਾਹੀਂ ਜ਼ੋਰ ਦੇ ਕੇ ਕਹੀ ਹੈ। ਧਰਮ ਖਾਸ ਕਰ ਸਿੱਖ ਧਰਮ ਦੀ ਤਰਕਸ਼ੀਲ ਦ੍ਰਿਸ਼ਟੀ ਨੂੰ ਆਪਣੇ ਨਾਟਕਾਂ ਦਾ ਵਿਸ਼ਾ-ਵਸਤੂ ਬਣਾਇਆ। ਸਿੱਖ ਧਰਮ ਨੂੰ ਵਿਗਿਆਨਕ ਦ੍ਰਿਸ਼ਟੀ ਤੋਂ ਆਪਣੇ ਨਾਟਕ ਵਿੱਚ ਪੇਸ਼ ਕੀਤਾ।

ਗੁਰਸ਼ਰਨ ਸਿੰਘ ਨੇ ਸੁਚੇਤ ਰੂਪ ਵਿੱਚ ਤਰਕਸ਼ੀਲ ਲਹਿਰ ਲਈ ਨਿਰੋਲ ਨਾਨਕ 'ਦੇਵ ਪੁਰਸ਼ ਹਾਰ ਗਏ' ਲਿਖਿਆ ਅਤੇ ਖੇਡਿਆ। ਮਾਛੀਵਾੜੇ ਦੇ ਵਰਕਸ਼ਾਪ ਵਿੱਚ ਮਾਸਟਰ ਤਰਲੋਚਨ ਤੇ ਨਛੱਤਰ ਨੂੰ ਯੋਗ ਅਗਵਾਈ ਦੇ ਕੇ ਨਿਰੋਲ ਤਰਕਸ਼ੀਲ ਨਾਟਕ ਘੜਿਆ ਤੇ ਉਸਦੇ ਪੰਜਾਬ ਵਿੱਚੋਂ ਅਨੇਕਾਂ ਮੰਚਣ ਕੀਤੇ। ਇਹ ਨਾਟਕ ਭੂਤ ਕੱਢਣ ਵਾਲਿਆਂ ਸਿਆਣਿਆ (ਸਾਧਾਂ) ਦੇ ਪਖੰਡ ਨੂੰ ਚੁਰਾਹੇ ਵਿਚ ਨੰਗਾ ਕਰਦਾ ਹੈ। ਜੋਤਸ਼ੀਆਂ ਦੇ ਪਖੰਡ ਨੂੰ ਨੰਗਾ ਕਰਕੇ ਲੋਕਾਂ ਸਾਹਮਣੇ ਸੱਚ ਪੇਸ਼ ਕਰਦਾ ਹੈ। ਤਰਕਸ਼ੀਲ ਲਹਿਰ ਦੇ ਵਿਗਿਆਨਕ ਦ੍ਰਿਸ਼ਟੀਕੋਣ ਨੂੰ ਪੇਸ਼ ਕਰਦਾ ਹੈ।

ਨਾਟਕ ਦੀ ਸ਼ੁਰੂਆਤ ਇਕ ਮਾਨਸਿਕ ਰੋਗੀ ਦੀਆਂ ਭੂਤਾਂ ਕੱਢਣ ਤੋਂ ਹੁੰਦੀ ਹੈ। ਘੁੰਗਰੂਆਂ ਵਾਲ਼ੀ ਸੋਟੀ ਲੈ ਕੇ ਜੋਗੀ ਨਾਚ ਕਰਦਾ ਹੈ ਅਤੇ ਮਾਨਸਿਕ ਰੋਗੀ ਦੀ ਖੇਡ ਨੂੰ ਪ੍ਰਚੰਡ ਕਰ ਰਿਹਾ ਹੈ। ਦੋ ਸੂਤਰਧਾਰ ਆ ਕੇ ਉਸ ਮਾਨਸਿਕ ਰੋਗੀ ਦੇ ਪਿੱਠ ਭੂਮੀ ਦੇ ਦਰਦ ਨੂੰ ਸੁਣਾਉਂਦੇ ਹਨ ਕਿ ਉਹ ਮਾਨਸਿਕ ਰੋਗੀ ਕਿਵੇਂ ਬਣਿਆ।

"ਜੋਗੀ : ਐ ਭੂਤ ਮੈਂ ਤੈਨੂੰ ਕਹਿੰਦਾ ਹਾਂ ਕਿ ਤੂੰ ਇਸ ਮੁੰਡੇ ਵਿੱਚੋਂ ਨਿੱਕਲ ਜਾਹ

ਬੰਦਾ : (ਇਹਦੀਆਂ ਅੱਖਾਂ ਬੌਰੀਆਂ ਹਨ, ਜਿਸ ਤਰ੍ਹਾਂ ਪਾਗਲਾਂ ਦੀਆਂ ਹੁੰਦੀਆਂ ਹਨ। ਤੇ ਇਹ ਭੂਤਾਂ ਵਰਗੀ ਆਵਾਜ਼ ਵਿਚ ਬੋਲਦਾ ਹੈ।) ਮੈਂ ਨਹੀਂ ਨਿਕਲਦਾ

ਜੋਗੀ : ਤੈਨੂੰ ਮੇਰੇ ਗੁੱਸੇ ਦਾ ਨਹੀਂ ਪਤਾ (ਬੰਦੇ ਦੇ ਡਾਂਗ ਮਾਰਦਾ ਹੈ ਉਹ ਚੀਖਦਾ ਹੈ।)

ਬੰਦਾ : ਤੂੰ ਮੈਨੂੰ ਜਿੰਨਾ ਮਰਜੀ ਮਾਰ ਮੈਂ ਨਹੀਂ ਨਿੱਕਲਦਾ। ਜੋਗੀ: ਤੈਨੂੰ ਕੁੱਝ ਚਾਹੀਦਾ?

ਬੰਦਾ : ਮੈਨੂੰ ਭੁੱਖ ਲੱਗੀ ਏ।

ਜੋਗੀ : ਕੀ ਖਾਵੇਂਗਾ।

ਬੰਦਾ : ਖੀਰ ਖਾਵਾਂਗਾ।

ਜੋਗੀ : ਫੇਰ ਖੀਰ ਲਿਆਈਏ?

ਬੰਦਾ : ਮੈਂ ਇਹਦੀ ਵਹੁਟੀ ਦੇ ਹੱਥਾਂ ਦੀ ਖੀਰ ਨਹੀਂ ਖਾਵਾਂਗਾ।

ਜੋਗੀ : ਕਿਉਂ?

ਬੰਦਾ : ਕਿਉਂਕਿ ਉਹ ਇਸ ਵਿੱਚ ਜ਼ਹਿਰ ਮਿਲਾ ਦੇਵੇਗੀ।

ਜੋਗੀ : ਕਿਉਂ?

ਬੰਦਾ : ਉਹ ਭੈੜੀ ਔਰਤ ਏ। ਓਹਨੇ ਹੀ ਇਹਨੂੰ ਪੱਟੀ ਪੜ੍ਹਾਈ ਸੀ ਕਿ ਮਿੰਦੋ ਦਾ ਵਿਆਹ ਉਸ ਬੁੱਢੇ ਨਾਲ ਕਰਦੇ।

ਜੋਗੀ : ਕਿਉਂ?

ਬੰਦਾ : ਉਹਨੂੰ ਪੈਸੇ ਦਾ ਲਾਲਚ ਸੀ। ਉਹ ਚੁੜੇਲ ਆ ਰਹੀ ਏ। ਮੈਂ ਉਹਨੂੰ ਮਾਰ ਦੇਵਾਂਗਾ ( ਫੇਰ ਰੌਲਾ ਸ਼ੁਰੂ ਹੋ ਜਾਂਦਾ ਹੈ, ਮੈਂ ਉਹਨੂੰ ਮਾਰ ਦੇਵਾਂਗਾ ਅਤੇ ਜੋਗੀ ਉਹਨੂੰ ਡੰਡੇ ਮਾਰੀ ਜਾਂਦਾ ਹੈ। ਫੇਰ ਇਕਦਮ ਚੁੱਪ ਹੋ ਜਾਂਦਾ ਹੈ)"[2]

ਇਹ ਸਾਡੇ ਸਮਾਜ ਦਾ ਦਸਤੂਰ ਹੈ ਕਿ ਬੰਦੇ ਵਿੱਚ ਗਲਤੀ ਕੱਢਣ ਦੀ ਬਜਾਏ ਉਸ ਦੀ ਘਰਵਾਲੀ ਸਿਰ ਸਾਰਾ ਦੋਸ਼ ਮੜ੍ਹ ਦਿੱਤਾ ਜਾਂਦਾ ਆਪਣੇ ਮਨ ਦਾ ਪਾਲਾ, ਮਨ ਦਾ ਗੁੱਸਾ, ਰੋਸਾ,ਜੋਂ ਲੋਕਾਂ ਨੂੰ ਦਿਖਾਉਣਾ, ਡਰਾਉਣਾ, ਧਮਕਾਉਣ ਹੋਵੇ ਤਾਂ ਸਿੱਧੀ ਕਹਿਣ ਦੀ ਥਾਂ ਘਰ ਵਾਲੀ ਰਾਹੀਂ ਗੱਲ ਕਹਿ ਦਿੱਤੀ ਜਾਂਦੀ ਹੈ ਜਿਸ ਦਾ ਸੌਖਾ ਤਰੀਕਾ ਭੂਤਾਂ ਦਾ ਪਖੰਡ ਕਰਕੇ ਸਿਰ ਘੁੰਮਾਉਣਾ ਹੈ। ਬੰਦਾ ਪਖੰਡ ਕਰਦਾ-ਕਰਦਾ ਸੱਚ-ਮੁੱਚ ਕਰਨ ਲੱਗ ਜਾਂਦਾ ਹੈ ਤੇ ਇੱਕ ਮਾਨਸਿਕ ਰੋਗੀ ਬਣਕੇ ਸਾਰਾ ਪਖੰਡ ਕਰਦਾ ਹੈ।

ਗੁਰਸ਼ਰਨ ਸਿੰਘ ਨੇ ਇਸ ਨਾਟਕ ਦੇ ਪਹਿਲੇ ਦ੍ਰਿਸ਼ ਵਿੱਚ ਭੂਤ ਕੱਢਣ ਵਾਲੇ ਸਿਆਣੇ ਦਾ ਪਖੰਡ ਨੰਗਾ ਕੀਤਾ ਅਤੇ ਸਮਾਜਿਕ ਰਿਸ਼ਤਿਆਂ ਦੀ ਟੁੱਟ-ਭੱਜ ਦੇ ਕਾਰਨ ਸਾਡੇ ਸਾਹਮਣੇ ਰੱਖੇ। ਦੂਸਰੇ ਭਾਗ ਵਿਚ ਜੋਤਸ਼ੀਆਂ ਦਾ ਪਖੰਡਾਂ ਦਾ ਪਰਦਾਫਾਸ਼ ਕੀਤਾ ਹੈ।

ਇਕ : ਆਉ ਤੁਹਾਨੂੰ ਜਗਲਤ ਦੇ ਕੁੱਝ ਹੋਰ ਪ੍ਰਚਾਰਕਾਂ ਦੇ ਦਰਸ਼ਨ ਕਰਵਾਈਏ।

ਦੋ : ਇਹ ਆਮ ਤੌਰ ਤੇ ਕਚਹਿਰੀਆਂ ਦੇ ਬਾਹਰ ਡੇਰੇ ਲਗਾ ਕੇ ਬੈਠੇ ਹੁੰਦੇ ਹਨ।

ਇਕ : ਇਹਨਾਂ ਨੂੰ ਜੋਤਸ਼ੀ ਕਹਿੰਦੇ ਹਨ।

ਦੋ : ਹੱਥ ਦੀਆਂ ਰੇਖਾਵਾਂ ਦੇਖ ਕੇ ਬੰਦੇ ਦਾ ਅੱਗਾ ਦੱਸਦੇ ਹਨ।

ਇਕ : ਇਹ ਪਖੰਡ ਰਚਾ ਕੇ

ਦੋ : ਲੋਕਾਂ ਕੋਲੋਂ ਪੈਸੇ ਠੱਗਦੇ ਹਨ।

ਇਕ : ਇੱਕ ਵੱਡਾ ਜੋਤਸ਼ੀ ਹੈ

ਦੋ : ਉਹਦੇ ਦੋ ਗੁਮਾਸ਼ਤੇ ਹਨ।

ਇਕ : ਇਕ ਲੋਕਾਂ ਦੀ ਛਿੱਲ ਲਾਉਂਦਾ ਹੈ।

ਦੋ : ਬਾਕੀ ਦੋ ਸ਼ਿਕਾਰ ਨੂੰ ਘੇਰਦੇ ਹਨ।"[3]

ਗੁਰਸ਼ਰਨ ਸਿੰਘ ਜੋਤਸ਼ੀਆਂ ਤੇ ਸਵਾਲ ਉਠਾਉਂਦਾ ਹੈ ਕਿ ਵਾਕਿਆ ਹੀ ਬੰਦੇ ਦੀਆਂ ਹੱਥਾਂ ਦੀਆਂ ਲਕੀਰਾਂ ਤੇ ਉਸ ਦੀ ਤਕਦੀਰ ਲਿਖੀ ਹੁੰਦੀ ਐ? ਜੇ ਲਿਖੀ ਹੁੰਦੀ ਹੈ ਤਾਂ ਹੀਰੋਸ਼ੀਮਾ ਤੇ ਨਾਗਾਸਾਕੀ ਵਿੱਚ ਇੱਕ ਲੱਖ ਵੀਹ ਹਜ਼ਾਰ ਬੰਦਾ ਮਰ ਗਿਆ ਸੀ। ਇਨ੍ਹਾਂ ਸਭ ਦੀਆਂ

ਲਕੀਰਾਂ ਇਕੋ ਜਿਹੀਆਂ ਸਨ। ਭੁਪਾਲ ਵਿੱਚ ਗੈਸ ਨਾਲ 1900 ਲੋਕ ਮਰ ਗਏ ਉਹਨਾਂ ਦੀਆਂ ਰੇਖਾਵਾਂ ਵੀ ਇੱਕੋ ਜਿਹੀਆਂ ਸਨ। ਨਹੀਂ, ਪਰ ਮਰੇ ਇੱਕੋ ਜਹੀ ਮੌਤ। ਗੁਰਸ਼ਰਨ ਸਿੰਘ ਹੱਥ ਦੀਆਂ ਰੇਖਾਵਾਂ ਦਾ ਚੱਕਰ ਦੱਸਕੇ ਲਿਖਦੇ ਹਨ।

"ਇਕ : ਨਹੀਂ! ਫੇਰ ਇਹ ਰੇਖਾਵਾ ਦਾ ਚੱਕਰ ਕੀ ਹੈ?

ਦੋ : ਕੁੱਝ ਵੀ ਨਹੀਂ। ਬੱਚਾ ਜਦੋਂ ਮਾਂ ਦੇ ਪੇਟ ਵਿਚੋਂ ਹੁੰਦਾ ਏ ਤਾਂ ਉਹਦੀਆਂ ਮੁੱਠੀਆਂ ਬੰਦ ਰਹਿੰਦੀਆਂ ਨੇ।

ਇਕ : ਇਹ ਬੰਦ ਮੁੱਠੀਆਂ ਹੀ ਹੱਕ ਦੀਆਂ ਰੇਖਾਵਾਂ ਦੀਆਂ ਜ਼ਿੰਮੇਵਾਰ ਹਨ।

ਦੋ : ਇਹਨਾਂ ਵਿੱਚ ਕੋਈ ਮਨੁੱਖ ਦੀ ਤਕਦੀਰ ਨਹੀਂ ਹੁੰਦੀ।

ਇਕ : ਇਹ ਕੁਝ ਬੰਦਿਆਂ ਦੀ ਏਜਾਜ਼ ਏ ਜੋ ਝੂਠ ਤੇ ਫਰੇਬ ਨਾਲ ਕਮਾਈ ਕਰਨਾ ਚਾਹੁੰਦੇ ਹਨ।"[4]

ਨਾਟਕ 'ਬਾਂਝ' ਵਿੱਚ ਵੀ ਗੁਰਸ਼ਰਨੇ ਨੇ ਪਾਖੰਡੀ ਸਾਧਾਂ ਦੇ ਘਟੀਆ ਚਰਿੱਤਰ ਨੂੰ ਪੇਸ਼ ਕੀਤਾ ਹੈ ਕਿ ਇੱਕ ਔਰਤ ਦੇ ਬੱਚਾ ਪ੍ਰਾਪਤ ਕਰਨ ਦੀ ਇੱਛਾ ਨੂੰ ਆਪਣੇ ਕਾਮ ਤ੍ਰਿਪਤੀ, ਕਾਮ ਵਾਸ਼ਨਾ ਨੂੰ ਪੂਰੀ ਕਰਕੇ ਉਸ ਦੀ ਝੋਲੀ ਭਰਨ ਦੀ ਗੱਲ ਕਰਦਾ ਹੈ। ਪਰ ਇਸ ਦਾ ਸੱਚ ਉਹ ਸਾਧ ਦੇ ਮੂੰਹੋ ਹੀ ਕਹਾਉਂਦਾ ਹੈ।

"ਸਾਧ : ਹਾਂ ਏਕ ਹੀ ਤਰੀਕਾ, ਸਿਰਫ਼ ਏਕ ਹੀ ਤਰੀਕਾ, ਸਿਰਫ ਏਕ ਹੀ ਤਰੀਕਾ। ਔਰ ਵੋ ਹੈ ਨਰ ਔਰ ਮਾਦਾ ਕਾ ਮੇਲ, ਚਾਹੇ ਪਸ਼ੂ ਹੋ ਤਾਂ ਆਦਮੀ, ਪੌਦਾ ਹੋ ਯਾ ਪਖਸ਼ੀ, ਬਿਨਾ ਨਰ ਔਰ ਮਾਦਾ ਕੇ ਮੇਲੇ ਸੇ ਕੋਈ ਨਸਲ ਆਗੇ ਨਹੀਂ ਬੜ੍ਹਤੀ। ਯੇ ਰਾਖ, ਯੇ ਦਵਾਦਾਰੂ ਤੋਂ ਸਿਰਫ ਧੁਨੀਆਂ ਕੀ ਨਜ਼ਰੋਂ ਮੇ ਧੂਲ ਝੌਂਕਣੇ ਕੇ ਲੀਏ ਹੈਂ। ਤਮਹੇਂ ਵੀ ਏਕ ਪੁੜੀ ਦੇਂਗੇਂ ਜੋ ਰਾਤ ਕੋ ਅਪਨੀ ਔਰ ਪਤੀ ਕੀ ਸੇਜ ਪਰ ਧੂਲ ਦੇਣਾ।"[5]

ਤਰਕਸ਼ੀਲ ਸੁਸਾਇਟੀ ਲਈ ਵੀ ਗੁਰਸ਼ਰਨ ਦਾ ਬਹੁਤ ਵੱਡਾ ਯੋਗਦਾਨ ਹੈ। ਤਰਕਸ਼ੀਲ ਸਾਹਿਤ ਨੂੰ ਛਪਾਉਣ ਵਿੱਚ ਤਰਕਸ਼ੀਲ ਮੇਲਿਆਂ ਵਿੱਚ ਨਾਟਕ ਸ਼ੋਅ ਕਰਨ ਵਿੱਚ, ਪਹਿਲਾ ਨਿਰੋਲ ਤਰਕਸ਼ੀਲ ਨਾਟਕ ਲਿਖਣ ਵਿੱਚ, ਪਹਿਲ ਕਰਨ ਵਾਲਾ ਗੁਰਸ਼ਰਨ ਹੈ ਉਹ ਸਮਝਦਾ ਸੀ ਕਿ ਜੇ ਅਸੀਂ ਪਾਣੀਆਂ ਨੂੰ ਬੰਨ ਮਾਰ ਕੇ ਉਨ੍ਹਾਂ ਦੇ ਰੁਖ ਬਦਲ ਸਕਦੇ ਹਾਂ ਤਾਂ ਸਮਾਜ ਨੂੰ ਕਿਉਂ ਨਹੀਂ ਬਦਲ ਸਕਦੇ। ਗੁਰਸ਼ਰਨ ਸਿੰਘ ਨੇ ਮੁੱਖ ਰੂਪ ਵਿੱਚ ਬਰਾਬਰੀ ਦੀ ਗੱਲ ਤੇ ਜ਼ੋਰ ਦਿੱਤਾ ਦਲਿਤ ਲੋਕਾਂ ਦੀ, ਨਾਰੀ ਚੇਤਨਾ ਦੀ ਗੱਲ ਉਹਦੇ ਨਾਟਕਾਂ ਵਿੱਚ ਹਾਜ਼ਰ ਰਹਿੰਦੀ ਸੀ।

ਤਰਕਸ਼ੀਲਾਂ ਸੋਚ ਦਾ ਗੁਰਸ਼ਰਨ ਸਿੰਘ ਨੇ ਤੀਸਰੇ ਨਾਟਕ ਲਿਖਿਆ ਜਦੋਂ ਰੋਸ਼ਨੀ ਹੁੰਦੀ ਹੈ। ਇਹ ਨਾਟਕ ਚਰਚਿਤ ਨਾਟਕ ਹੈ ਗੁਰਸ਼ਰਨ ਸਿੰਘ ਤੋਂ ਇਲਾਵਾ ਹੋਰ ਅਨੇਕਾਂ ਨਾਟਕ ਮੰਡਲੀਆਂ ਇਸ ਦਾ ਮੰਚਣ ਕੀਤਾ ਹੈ, ਜਦੋਂ ਰੋਸ਼ਨੀ ਹੁੰਦੀ ਹੈ ਵਿੱਚ ਰੂੜੀਵਾਦੀ ਸੋਚ-ਵਿਚਾਰ ਅਤੇ ਅੰਧ ਵਿਸ਼ਵਾਸ਼ਾਂ ਤੇ ਵਿਅੰਗਾਤਮਕ ਤੰਜ ਕਸੇ ਹਨ। ਧਾਰਮਿਕ ਗ੍ਰੰਥਾਂ ਦੀ ਆੜ ਵਿੱਚ ਕੱਟੜ ਲੋਕ ਆਮ ਇਨਸਾਨ ਉੱਤੇ ਪਾਬੰਦੀਆਂ ਲਗਾ ਕੇ ਉਨ੍ਹਾਂ ਦੀ ਮੌਲਿਕ ਆਜ਼ਾਦੀ ਖੋਹ ਲੈਂਦੇ ਹਨ। ਆਮ ਮਨੁੱਖ ਉੱਤੇ ਗੁਨਾਹਾਂ ਦਾ ਬੋਝ ਲੱਦ ਦਿੰਦੇ ਹਨ। ਉਸਦੇ ਪਿਛਲੇ ਜਨਮ ਦੇ ਗੁਨਾਹ ਉਸ ਨਾਲ ਆਉਂਦੇ ਹਨ ਮਨੁੱਖ ਜੰਮਦਾ ਹੀ ਗੁਨਾਹ ਲੈ ਕੇ ਹੈ ਉਪਰੋਕਤ ਕਥਨ ਨਾਟਕ ਵਿੱਚ ਵਾਰ-ਵਾਰ ਆਉਂਦੇ ਹਨ।

"ਨੌਜਵਾਨ : ਕੀ ਇਹ ਮਾਸੂਮ ਵੀ ਕੋਈ ਗੁਨਾਹ ਕਰ ਸਕਦਾ ਹੈ?

ਔਰਤ : ਹਰ ਇਨਸਾਨ ਜਦੋਂ ਪੈਦਾ ਹੁੰਦਾ ਹੈ ਉਹ ਗੁਨਾਹਾਂ ਵਿਚ ਲਪੇਟਿਆ ਹੁੰਦਾ ਹੈ।

ਨੌਜਵਾਨ : ਇਹ ਤੁਹਾਨੂੰ ਕਿਸ ਨੇ ਦੱਸਿਆ ਹੈ?

ਔਰਤ : ਇਹ ਸਾਡੀ ਮੁਕੱਦਸ ਕਿਤਾਬ ਵਿੱਚ ਲਿਖਿਆ ਹੈ।

ਨੌਜਵਾਨ : ਇਹ ਮੁਕੱਦਸ ਕਿਤਾਬ ਤੁਸੀਂ ਕਦੇ ਪੜ੍ਹੀ ਹੈ?"[6]

ਧਰਮ ਦੇ ਕੱਟੜ ਠੇਕੇਦਾਰ ਧਾਰਮਿਕ ਗ੍ਰੰਥਾਂ ਬਾਰੇ ਆਪਣੇ ਵਿਚਾਰ ਆਪ ਹੀ ਬਣਾ ਲੈਂਦੇ ਹਨ, ਆਪਣੇ ਢੰਗ ਨਾਲ ਆਪਣੀ ਵਿਆਖਿਆ ਕਰਕੇ ਲੋਕਾਂ ਨੂੰ ਗੁਮਰਾਹ ਕਰ ਕੇ ਨਵੇਂ ਨਵੇਂ ਅੰਧ-ਵਿਸ਼ਵਾਸ ਪੈਦਾ ਕਰ ਦਿੰਦੇ ਹਨ, ਆਮ ਲੋਕਾਂ ਨੂੰ ਆਪਸ ਵਿੱਚ ਲੜਾ ਦਿੰਦੇ ਹਨ। ਇਸ ਨਾਟਕ ਦਾ ਪਾਤਰ 'ਨੰਗਾ ਬੰਦਾ' ਜੋ ਸੱਚ ਬੋਲਦਾ ਹੈ। ਜੋ ਲੋਕਾਂ ਦੀ ਨਜ਼ਰ ਵਿਚ ਨੰਗਾ ਹੈ ਪਰ ਉਸ ਨੇ ਕਿਸੇ ਚੀਜ਼ ਦਾ ਵੀ ਲੁਕ-ਲੁਕੋ ਨਹੀਂ ਰੱਖਿਆ, ਉਹ ਝੂਠ ਖਿਲ਼ਾਫ ਸੱਚ ਬੋਲਦਾ ਹੈ।

ਉਹ ਸੱਚ ਬੋਲਦਾ ਹੈ ਬਦਮਾਸ਼ ਬਾਰੇ, ਉਹ ਸੱਚ ਬੋਲਦਾ ਹੈ ਬਾਦਸ਼ਾਹੀਆਂ ਬਾਰੇ। ਉਸ ਨੂੰ ਕਿਸੇ ਦਾ ਖ਼ੌਫ਼ ਨਹੀਂ ਕਿਉਂਕਿ ਉਹ ਨੰਗਾ ਹੋ ਚੁੱਕਿਆ ਹੈ। ਉਹ ਬਾਦਸ਼ਾਹਾਂ ਨੂੰ ਜਾਣਦਾ ਹੈ, ਬਾਦਸ਼ਾਹ ਆਪ ਸਾਰਿਆਂ ਨਾਲੋਂ ਵੱਡਾ ਗੁਨਾਹਗਾਰ ਏ, ਕਿਉਂਕਿ ਬਾਦਸ਼ਾਹ ਨੇ ਮੁਤਬੱਰਕ ਕਿਤਾਬ ਵਿੱਚ ਔਲੀਆ ਕੋਲੋਂ ਆਪ ਲਿਖਵਾ ਲਿਆ ਏ ਕਿ ਬਾਦਸ਼ਾਹ ਕਦੀ ਕੋਈ ਗੁਨਾਹ ਨਹੀਂ ਕਰ ਸਕਦਾ। ਪਰ ਨੰਗਾ ਬੰਦਾ ਜਾਣਦਾ ਹੈ ਬਾਦਸ਼ਾਹ ਨੇ ਕੀ ਕੀ ਗੁਨਾਹ ਕੀਤੇ ਨੇ ਤੇ ਚਲਾਕੀ ਨਾਲ ਔਲੀਆ ਖਰੀਦ ਲਿਆ ਹੈ।

ਨੰਗਾ ਆਦਮੀ ਕਿਸੇ ਤੋਂ ਨਹੀਂ ਡਰਦਾ ਉਹਦੇ ਅਨੁਸਾਰ ਡਰ ਉਸ ਨੂੰ ਹੁੰਦਾ ਜਿਸ ਕੋਲ ਕੁੱਝ ਗੁਆਣ ਲਈ ਹੋਵੇ ਮੈਂ ਤਾਂ ਨੰਗਾ ਹੋ ਚੁੱਕਿਆ ਹਾਂ ਮੇਰੇ ਕੋਲ ਕੁਝ ਵੀ ਗਵਾਉਣ ਨੂੰ ਨਹੀਂ, ਨੰਗੇ ਦਾ ਕੋਈ ਕੀ ਲਾਹ ਲਵੇਗਾ ਸਗੋਂ ਨੰਗੇ ਕੋਲੋਂ ਤਾਂ ਲੋਕ ਡਰਦੇ ਹੁੰਦੇ ਨੇ...

ਤਖਤ-ਤਾਜ, ਤਖ਼ਤ ਦੇ ਰਖਵਾਲੇ, ਤਖਤ ਦੇ ਜੁੰਡਲੀਦਾਰ ਬਾਦਸ਼ਾਹ ਤੇ ਔਲੀਆ ਵਰਗੇ ਸਭੇ ਰਲੇ ਹੋਏ ਹਨ। ਜਦੋਂ ਇਸ ਜੁੰਡਲੀ ਖਿਲਾਫ ਕੋਈ ਬਗਾਵਤ ਕਰਦਾ ਏ ਤਾਂ ਉਸਦੇ ਜਿਗਰੀਆਂ ਨੂੰ ਕਾਬੂ ਕਰਕੇ ਉਨ੍ਹਾਂ ਉਤੇ ਅੰਤਾਂ ਦਾ ਤਸ਼ੱਦਦ ਢਾਹ ਕੇ ਸੂਰਮੇ ਦਾ ਹੌਸਲਾ ਪਸਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

"ਨੌਜਵਾਨ : ਜਦੋਂ ਕੋਈ ਸੂਰਮਾ ਕਿਸੇ ਬਾਦਸ਼ਾਹ ਨੂੰ ਚੁਣੌਤੀ ਦਿੰਦਾ ਏ ਜਾਂ ਬਾਦਸ਼ਾਹ ਦੇ ਜ਼ੁਲਮ ਤੋਂ ਡਰਨ ਤੋਂ ਇਨਕਾਰ ਕਰਦਾ ਹੈ ਤਾਂ ਉਸਨੂੰ ਈਨ ਮਨਾਉਣ ਲਈ ਉਹਦੀ ਮਾਂ, ਭੈਣ, ਪਤਨੀ, ਮਹਿਬੂਬ ਨੂੰ ਤੰਗ ਕਰਾ ਕੇ ਉਸ ਨੂੰ ਝੁਕਾਉਣ ਦਾ ਯਤਨ ਕੀਤਾ ਜਾਂਦਾ ਹੈ।"[7]

ਗੁਰਸ਼ਰਨ ਸਿੰਘ ਦਾ ਮੰਨਣਾ ਹੈ ਕਿ ਲੋਕ ਏਕਤਾ ਅੱਗੇ ਵੱਡੇ-ਵੱਡੇ ਬਾਦਸ਼ਾਹ ਗੋਡੇ ਟੇਕ ਜਾਂਦੇ ਹਨ। ਲੋਕਾਂ ਨੂੰ ਕਿਸੇ ਨਾਇਕ ਦੀ ਹਮੇਸ਼ਾ ਆਸ ਰਹਿੰਦੀ ਹੈ ਨਾਇਕ ਦਾ ਹੋਣਾ ਇਸ ਕਰਕੇ ਜ਼ਰੂਰੀ ਹੁੰਦਾ ਹੈ ਕਿ ਉਹ ਨਿਰਪੱਖ ਹੁੰਦਾ ਹੈ ਉਹ ਕਿਸੇ ਇਕ ਲਈ ਜਾਂ ਆਪਣੇ ਲਈ ਨਹੀਂ ਲੜਦਾ ਸਗੋਂ ਸਮੁੱਚੀ ਲੋਕਾਈ ਦੇ ਲੇਖੇ ਆਪਣੇ ਆਪ ਨੂੰ ਸਮਰਪਿਤ ਕਰਦਾ ਹੈ। ਨਾਇਕ ਲੰਬੇ ਨਤੀਜਿਆਂ ਤੋਂ ਜਾਣੂ ਹੁੰਦਾ ਹੈ ਉਸ ਦੀ ਦੂਰ ਦ੍ਰਿਸ਼ਟੀ ਵੀ ਉਸ ਨੂੰ ਲੋਕਾਂ ਦਾ ਨਾਇਕ ਬਣਾ ਦਿੰਦੀ ਹੈ। ਉਸ ਦਾ ਇਹ ਪੱਖ ਉਸ ਨੂੰ ਬਾਕੀਆਂ ਨਾਲੋਂ ਵੱਖਰਾ ਰੱਖਦਾ ਹੈ।

ਪੰਜਾਬ ਦਾ ਕੋਈ ਟਾਵਾਂ-ਟੱਲਾ ਪਿੰਡ ਹੋਣਾ, ਜਿੱਥੇ ਗੁਰਸ਼ਰਨ ਸਿੰਘ ਨੇ ਨਾਟਕ ਨਹੀਂ ਕੀਤਾ। ਜਲੰਧਰ ਦੂਰਦਰਸ਼ਨ ਨੇ ਉਸ ਨੂੰ ਲੋਕਾਂ ਦਾ ਭਾਈ ਮੰਨਾ ਸਿੰਘ ਬਣਾ ਦਿੱਤਾ। ਉਸ ਦਾ ਮੰਨਣਾ ਸੀ ਕਿ ਜਿਹੜੇ ਲੋਕ ਨਾਟਕ ਤੱਕ ਨਹੀਂ ਆਉਂਦੇ ਤਾਂ ਨਾਟਕ ਨੂੰ ਲੋਕਾਂ ਤੱਕ ਜਾਣਾ ਚਾਹੀਦਾ ਹੈ। ਇਸ ਸੋਚ ਤੇ ਪਹਿਰਾ ਦਿੰਦਿਆਂ ਗੁਰਸ਼ਰਨ ਸਿੰਘ ਚੁੱਲੇ- ਚੁੱਲੇ ਤੱਕ ਨਾਟਕ ਨੂੰ ਪਹੁੰਚਾਇਆ। ਸਾਦੇ ਤੇ ਸਰਲ ਰੰਗਮੰਚ ਰਾਹੀਂ ਜਾਗ੍ਰਤੀ ਦੇ ਮਕਸਦ ਨਾਲ ਰੰਗ ਮੰਚ ਕੀਤਾ। ਮਕਸਦ ਸਿਰਫ਼ ਸਮਾਜਕ ਤਬਦੀਲੀ ਅਤੇ ਬਰਾਬਰੀ ਵਾਲਾ ਸਮਾਜ ਸਿਰਜਣਾ ਸੀ। ਇਸ ਕਾਰਜ ਲਈ ਪੂਰੇ ਪਰਿਵਾਰ ਨੂੰ ਰੰਗ-ਮੰਚ ਨਾਲ ਜੋੜੀ ਰੱਖਿਆ। ਕੋਈ ਪੈਸੇ ਦਾ ਮੋਹ ਨਹੀਂ,ਕੋਈ ਜਾਇਦਾਦ ਦਾ ਮੋਹ ਨਹੀਂ, ਸਵੇਰ ਸ਼ਾਮ ਰੰਗਮੰਚ ਹੀ ਰੰਗਮੰਚ।

ਗੁਰਸ਼ਰਨ ਸਿੰਘ ਪੰਜਾਬ ਦਾ ਸਭ ਤੋਂ ਵੱਧ ਨਾਟਕ ਲਿਖਣ ਵਾਲਾ, ਸਭ ਤੋਂ ਵੱਧ ਨਾਟਕ ਖੇਡਣ ਵਾਲਾ, ਸਭ ਤੋਂ ਵੱਧ ਪੜ੍ਹਨ ਵਾਲਾ ਨਾਟਕਕਾਰ, ਨਿਰਦੇਸ਼ਕ ਤੇ ਰੰਗ ਕਰਮੀ ਹੈ। ਉਸ ਦੀਆਂ ਨਾਟ ਰਚਨਾਵਾਂ ਅਧਿਐਨ ਕਰਦਿਆਂ ਪਤਾ ਲੱਗਦਾ ਹੈ ਕਿ ਉਹ ਬਹੁਤ ਵੱਡਾ ਚਿੰਤਕ ਸੀ ਉਸ ਨੂੰ ਵਿਸ਼ਵ ਦੀ ਚਿੰਤਾ ਸੀ, ਚਿੰਤਾ ਸੀ ਔਰਤ ਦੀ, ਦੱਬੇ-ਕੁਚਲੇ ਲੋਕਾਂ ਦੀ, ਬੱਚਿਆਂ ਦੀ, ਬਜ਼ੁਰਗਾਂ ਦੀ, ਵਾਤਾਵਰਣ ਦੀ ਅਤੇ ਗਰੀਬਾਂ ਦੀ। ਉਹ ਸਾਡੇ ਸਮਾਜ ਦਾ ਫਿਕਰਮੰਦ ਨਾਟਕਕਾਰ ਸੀ ਤੇ ਇਸੇ ਕਰ ਕੇ ਉਸ ਨੂੰ ਲੋਕ ਨਾਟਕਕਾਰ ਦਾ ਰੁਤਬਾ ਪ੍ਰਾਪਤ ਹੈ।

## ਹਵਾਲੇ :

1. ਪ੍ਰੋ. ਹਰਭਜਨ ਸਿੰਘ, ਨਾਟ ਸਫਰ ਦਾ ਸ਼ਾਹਸਵਾਰ ਗੁਰਸ਼ਰਨ ਸਿੰਘ, ਕਾਫਲੇ ਪ੍ਰਕਾਸ਼ਨ, ਚੰਡੀਗੜ੍ਹ, 2000, ਪੰਨਾ 9
2. ਗੁਰਸ਼ਰਨ ਸਿੰਘ : ਫੌਜਣ ਅਤੇ ਹੋਰ ਨਾਟਕ, ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ, 1997, ਪੰਨਾ 54
3. ਉਹੀ, ਪੰਨਾ 58
4. ਉਹੀ, ਪੰਨਾ 62
5. ਪ੍ਰੋ. ਹਰਭਜਨ ਸਿੰਘ, ਨਾਟ ਸਫ਼ਰ ਦਾ ਸ਼ਾਹਸਵਾਰ ਗੁਰਸ਼ਰਨ ਸਿੰਘ, ਪੰਨਾ 45-46
6. ਉਹੀ, ਪੰਨਾ 19
7. ਉਹੀ, ਪੰਨਾ 20